ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
12 Beds, 7 Baths For 24 Guests 905-965-4644
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP

ਭਾਰਤੀ ਦੀ US ਨਾਗਰਿਕਤਾ ਹੋਵੇਗੀ ਰੱਦ

ਵਾਸ਼ਿੰਗਟਨ: ਅਮਰੀਕਾ ਦੇ ਨਿਆਂ ਵਿਭਾਗ ਨੇ ਭਾਰਤੀ ਮੂਲ ਦੇ ਗੁਰਮੀਤ ਸਿੰਘ ਦੀ ਅਮਰੀਕੀ ਨਾਗਰਿਕਤਾ ਰੱਦ ਕਰਨ ਲਈ ਸਿਵਲ ਕਾਰਵਾਈ ਸ਼ੁਰੂ ਕੀਤੀ ਹੈ। ਉਕਤ ਵਿਅਕਤੀ 'ਤੇ ਦੋਸ਼ ਹੈ ਕਿ ਉਸ ਨੇ ਨਾਗਰਿਕਤਾ ਲੈਣ ਦੇ ਪ੍ਰੋਸੈਸ ਦੌਰਾਨ ਆਪਣੇ ਵਲੋਂ ਕੀਤੇ ਗਏ ਬਲਾਤਕਾਰ ਅਤੇ ਅਗਵਾ ਵਰਗੇ ਘਿਨਾਉਣੇ ਅਪਰਾਧਾਂ ਦੀ ਜਾਣਕਾਰੀ ਛੁਪਾਈ ਸੀ।

ਕੀ ਹੈ ਪੂਰਾ ਮਾਮਲਾ ? ਨਿਊ ਯੌਰਕ ਦੇ ਪੂਰਬੀ ਜ਼ਿਲ੍ਹੇ 'ਚ ਦਾਇਰ ਕੀਤੀ ਗਈ ਸ਼ਿਕਾਇਤ ਅਨੁਸਾਰ ਗੁਰਮੀਤ ਸਿੰਘ ਨੇ ਆਪਣੀ ਨੈਚੁਰਲਾਈਜ਼ੇਸ਼ਨ (ਨਾਗਰਿਕਤਾ) ਅਰਜ਼ੀ 'ਚ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ। ਰਿਪੋਰਟਾਂ ਮੁਤਾਬਿਕ ਜਦੋਂ ਉਹ ਅਮਰੀਕਾ 'ਚ ਇੱਕ ਟੈਕਸੀ ਡਰਾਈਵਰ ਵਜੋਂ ਕੰਮ ਕਰਦਾ ਸੀ ਤਾਂ ਉਸ ਨੇ ਇੱਕ ਮਹਿਲਾ ਯਾਤਰੀ ਨੂੰ ਅਗਵਾ ਕਰ ਕੇ ਉਸ ਦਾ ਜਿਣਸੀ ਸ਼ੋਸ਼ਣ ਕੀਤਾ ਸੀ।

ਵਾਰਦਾਤ ਦਾ ਖੌਫ਼ਨਾਕ ਵੇਰਵਾ: ਸ਼ਿਕਾਇਤ 'ਚ ਦੱਸਿਆ ਗਿਆ ਹੈ ਕਿ ਜਦੋਂ ਮਹਿਲਾ ਯਾਤਰੀ ਪਿਛਲੀ ਸੀਟ 'ਤੇ ਸੌਂ ਗਈ ਤਾਂ ਸਿੰਘ ਉਸ ਨੂੰ ਇੱਕ ਸੁੰਨਸਾਨ ਗਲੀ 'ਚ ਲੈ ਗਿਆ। ਜਦੋਂ ਮਹਿਲਾ ਦੀ ਅੱਖ ਖੁੱਲ੍ਹੀ ਤਾਂ ਗੁਰਮੀਤ ਸਿੰਘ ਨੇ ਉਸ ਦੀ ਗਰਦਨ 'ਤੇ ਚਾਕੂ ਰੱਖਿਆ ਹੋਇਆ ਸੀ। ਉਸ ਨੇ ਔਰਤ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ, ਉਸ ਦੇ ਹੱਥ-ਪੈਰ ਬੰਨ੍ਹ ਦਿੱਤੇ, ਮੂੰਹ 'ਚ ਕੱਪੜਾ ਤੁੰਨਿਆ ਅਤੇ ਫ਼ਿਰ ਉਸ ਨਾਲ ਬਲਾਤਕਾਰ ਕੀਤਾ।

ਝੂਠ ਬੋਲ ਕੇ ਹਾਸਲ ਕੀਤੀ ਨਾਗਰਿਕਤਾ: ਇਨ੍ਹਾਂ ਭਿਆਨਕ ਕਰਤੂਤਾਂ ਦੇ ਬਾਵਜੂਦ ਗੁਰਮੀਤ ਸਿੰਘ ਨੇ ਆਪਣਾ ਅਪਰਾਧਿਕ ਰਿਕਾਰਡ ਛੁਪਾਇਆ ਅਤੇ 19 ਅਕਤੂਬਰ 2011 ਨੂੰ ਅਮਰੀਕੀ ਨਾਗਰਿਕ ਬਣ ਗਿਆ। ਬਾਅਦ 'ਚ ਨਿਊ ਯੌਰਕ ਦੀ ਅਦਾਲਤ ਨੇ ਉਸ ਨੂੰ ਪਹਿਲੇ ਦਰਜੇ ਦੇ ਬਲਾਤਕਾਰ ਅਤੇ ਦੂਜੇ ਦਰਜੇ ਦੇ ਅਗਵਾ ਦੇ ਦੋਸ਼ 'ਚ 20 ਸਾਲ ਦੀ ਸਜ਼ਾ ਸੁਣਾਈ ਸੀ।

ਅਮਰੀਕੀ ਪ੍ਰਸ਼ਾਸਨ ਦਾ ਸਖ਼ਤ ਰੁਖ: ਅਟਰਨੀ ਜਨਰਲ ਪੈਮ ਬੌਂਡੀ ਨੇ ਕਿਹਾ, "ਅਮਰੀਕੀ ਨਾਗਰਿਕਤਾ ਇੱਕ ਪਵਿੱਤਰ ਸਨਮਾਨ ਹੈ ਜਿਸ ਨੂੰ ਇਮਾਨਦਾਰੀ ਨਾਲ ਕਮਾਉਣਾ ਪੈਂਦਾ ਹੈ। ਸਾਡਾ ਵਿਭਾਗ ਉਨ੍ਹਾਂ ਲੋਕਾਂ ਦੀ ਨਾਗਰਿਕਤਾ ਖੋਹਣਾ ਜਾਰੀ ਰੱਖੇਗਾ ਜੋ ਘਿਨਾਉਣੇ ਅਪਰਾਧ ਕਰਦੇ ਹਨ ਅਤੇ ਨਾਗਰਿਕਤਾ ਲੈਣ ਵੇਲੇ ਉਨ੍ਹਾਂ ਨੂੰ ਛੁਪਾਉਂਦੇ ਹਨ।"

ਤੇਲ ਖ਼ਰੀਦ ਬੰਦ ਕਰਨ ਬਾਰੇ ਨਹੀਂ ਮਿਲਿਆ ਕੋਈ ਮੈਸੇਜ - Russia

ਮਾਸਕੋ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਦਾਅਵਿਆਂ ਦੇ ਉਲਟ, ਰੂਸ ਨੇ ਸਪੱਸ਼ਟ ਕੀਤਾ ਹੈ ਕਿ ਉਸ ਨੂੰ ਭਾਰਤ ਵਲੋਂ ਰੂਸੀ ਤੇਲ ਦੀ ਖ਼ਰੀਦ ਬੰਦ ਕਰਨ ਸਬੰਧੀ ਕੋਈ ਅਧਿਕਾਰਿਕ ਸੰਦੇਸ਼ ਨਹੀਂ ਮਿਲਿਆ ਹੈ। ਕ੍ਰੈਮਲਿਨ ਦੇ ਬੁਲਾਰੇ ਦਿਮਿਤਰੀ ਪੇਸਕੋਵ ਨੇ ਕਿਹਾ ਕਿ ਰੂਸ ਭਾਰਤ ਨਾਲ ਆਪਣੇ ਸਬੰਧਾਂ ਨੂੰ ਹਰ ਸੰਭਵ ਤਰੀਕੇ ਨਾਲ ਮਜ਼ਬੂਤ ਕਰਨਾ ਜਾਰੀ ਰੱਖੇਗਾ।

ਟਰੰਪ ਦਾ ਦਾਅਵਾ ਅਤੇ ਨਵਾਂ ਵਪਾਰਕ ਸਮਝੌਤਾ: ਇਹ ਵਿਵਾਦ ਓਦੋਂ ਸ਼ੁਰੂ ਹੋਇਆ ਸੀ ਜਦੋਂ ਰਾਸ਼ਟਰਪਤੀ ਡੌਨਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਇਹ ਦਾਅਵਾ ਕੀਤਾ ਸੀ ਕਿ ਪ੍ਰਧਾਨ ਮੰਤਰੀ ਨਰੇਂਦ੍ਰ ਮੋਦੀ ਰੂਸ ਤੋਂ ਤੇਲ ਖ਼ਰੀਦਣਾ ਬੰਦ ਕਰਨ ਅਤੇ ਅਮਰੀਕਾ ਤੇ ਵੈਨੇਜ਼ੂਏਲਾ ਤੋਂ ਵਧੇਰੇ ਤੇਲ ਖ਼ਰੀਦਣ ਲਈ ਸਹਿਮਤ ਹੋ ਗਏ ਹਨ। ਟਰੰਪ ਨੇ ਕਿਹਾ ਸੀ ਕਿ ਭਾਰਤ ਤੇ ਅਮਰੀਕਾ ਵਿਚਾਲੇ ਇੱਕ ਵਪਾਰਕ ਸਮਝੌਤਾ ਹੋਇਆ ਹੈ। ਅਮਰੀਕਾ ਭਾਰਤ 'ਤੇ ਲਗਾਏ ਜਾਣ ਵਾਲੇ ਟੈਰਿਫ਼ਸ (ਟੈਕਸ) ਨੂੰ 25 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕਰੇਗਾ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਟਰੰਪ ਨੇ ਭਾਰਤ 'ਤੇ 50 ਫ਼ੀਸਦੀ ਤਕ ਟੈਰਿਫ਼ਸ ਲਗਾਏ ਸਨ ਜਿਨ੍ਹਾਂ 'ਚ ਰੂਸੀ ਊਰਜਾ ਖਰੀਦਣ ਕਾਰਨ ਲਗਾਇਆ ਗਿਆ 25 ਫ਼ੀਸਦੀ ਟੈਕਸ ਵੀ ਸ਼ਾਮਿਲ ਸੀ।

ਤੇਲ ਬਾਜ਼ਾਰ ਦੇ ਬਦਲਦੇ ਅੰਕੜੇ: ਭਾਰਤ ਆਪਣੀ ਲੋੜ ਦਾ ਲਗਭਗ 88 ਫ਼ੀਸਦੀ ਕੱਚਾ ਤੇਲ ਦੂਜੇ ਦੇਸ਼ਾਂ ਤੋਂ ਖ਼ਰੀਦਦਾ ਹੈ। ਅੰਕੜਿਆਂ ਅਨੁਸਾਰ 2021 ਤਕ ਭਾਰਤ ਦੀ ਕੁੱਲ ਦਰਾਮਦ 'ਚ ਰੂਸੀ ਤੇਲ ਸਿਰਫ਼ 0.2 ਫ਼ੀਸਦੀ ਸੀ, ਪਰ 2022 ਦੇ ਯੂਕਰੇਨ ਯੁੱਧ ਤੋਂ ਬਾਅਦ ਭਾਰਤ ਰੂਸੀ ਤੇਲ ਦਾ ਸਭ ਤੋਂ ਵੱਡਾ ਖ਼ਰੀਦਦਾਰ ਬਣ ਗਿਆ ਸੀ। ਜਨਵਰੀ ਦੇ ਪਹਿਲੇ ਤਿੰਨ ਹਫ਼ਤਿਆਂ 'ਚ ਰੂਸੀ ਤੇਲ ਦੀ ਦਰਾਮਦ ਘਟ ਕੇ 1.1 ਮਿਲੀਅਨ ਬੈਰਲ ਪ੍ਰਤੀ ਦਿਨ (**BPD**) ਰਹਿ ਗਈ ਹੈ ਜੋ ਕਿ ਪਿਛਲੇ ਮਹੀਨਿਆਂ ਦੇ ਮੁਕਾਬਲੇ ਘੱਟ ਹੈ।

ਹੋਰ ਸਪਲਾਇਰਜ਼: ਹੁਣ ਇਰਾਕ ਵੀ ਰੂਸ ਦੇ ਬਰਾਬਰ ਤੇਲ ਦੀ ਸਪਲਾਈ ਕਰ ਰਿਹਾ ਹੈ। ਇਸ ਦੇ ਨਾਲ ਹੀ ਸਾਊਦੀ ਅਰਬ ਤੋਂ ਤੇਲ ਦੀ ਦਰਾਮਦ ਵੱਧ ਕੇ 924,000 ਬਪਦ ਹੋ ਗਈ ਹੈ ਜੋ ਅਪ੍ਰੈਲ 2025 'ਚ ਸਿਰਫ਼ 539,000 **BPD** ਸੀ। ਕ੍ਰੈਮਲਿਨ ਦੇ ਬੁਲਾਰੇ ਪੇਸਕੋਵ ਨੇ ਮੁੜ ਦੁਹਰਾਇਆ ਕਿ ਰੂਸ ਅਤੇ ਭਾਰਤ ਦੇ ਸਬੰਧ ਪਹਿਲਾਂ ਵਾਂਗ ਹੀ ਗੂੜ੍ਹੇ ਰਹਿਣਗੇ, ਅਤੇ ਤੇਲ ਖ਼ਰੀਦ ਬਾਰੇ ਹਾਲੇ ਤਕ ਕੋਈ ਨਵਾਂ ਫ਼ੈਸਲਾ ਉਨ੍ਹਾਂ ਤਕ ਨਹੀਂ ਪਹੁੰਚਿਆ।

ਈਰਾਨ 'ਚ ਔਰਤਾਂ ਨਾਲ ਹੋ ਰਹੀ ਦਰਿੰਦਗੀ ਬਾਰੇ ਸੁਣ ਕੇ ਕੰਬ ਜਾਵੇਗੀ ਰੂਹ

ਤਹਿਰਾਨ: ਈਰਾਨ 'ਚ ਅਯਾਤੁੱਲਾ ਅਲੀ ਖ਼ਮੇਨੇਈ ਦੀ ਸਰਕਾਰ ਵਿਰੁੱਧ ਉੱਠੀ ਬਗ਼ਾਵਤ ਨੂੰ ਕੁਚਲਣ ਲਈ ਸੁਰੱਖਿਆ ਬਲਾਂ ਵਲੋਂ ਵਰਤੀ ਜਾ ਰਹੀ ਦਰਿੰਦਗੀ ਦੀਆਂ ਅਜਿਹੀਆਂ ਖ਼ਬਰਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਨੇ ਇਨਸਾਨੀਅਤ ਨੂੰ ਸ਼ਰਮਸਾਰ ਕਰ ਦਿੱਤਾ ਹੈ। ਇੱਕ ਈਰਾਨੀ-ਜਰਮਨ ਪੱਤਰਕਾਰ ਮਿਸ਼ੇਲ ਅਬਦੁੱਲਾਹੀ ਨੇ ਦਾਅਵਾ ਕੀਤਾ ਹੈ ਕਿ ਪ੍ਰਦਰਸ਼ਨਕਾਰੀ ਔਰਤਾਂ ਨੂੰ ਡਰਾਉਣ ਅਤੇ ਅੰਦੋਲਨ ਨੂੰ ਖ਼ਤਮ ਕਰਨ ਲਈ ਈਰਾਨੀ ਸ਼ਾਸਨ ਬਲਾਤਕਾਰ ਅਤੇ ਅੰਗ-ਭੰਗ (**Mutilation ਜਾਂ ਸ਼ਰੀਰ ਦੇ ਹਿੱਸਿਆ ਨੂੰ ਵੱਢਣ**) ਨੂੰ ਇੱਕ ਹਥਿਆਰ ਵਜੋਂ ਵਰਤ ਰਿਹਾ ਹੈ।

ਪੱਤਰਕਾਰ ਦੇ ਰੂਹ ਕੰਬਾਊ ਦਾਅਵੇ: ਪੱਤਰਕਾਰ ਅਬਦੁੱਲਾਹੀ ਨੇ ਚਸ਼ਮਦੀਦਾਂ ਅਤੇ ਪੀੜਤਾਂ ਦੇ ਹਵਾਲੇ ਨਾਲ ਸੋਸ਼ਲ ਮੀਡੀਆ 'ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹਿਰਾਸਤ 'ਚ ਲਈਆਂ ਗਈਆਂ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਜਾ ਰਹੇ ਹਨ। ਕਈ ਮਾਮਲਿਆਂ 'ਚ ਔਰਤਾਂ ਦੀਆਂ ਬੱਚੇਦਾਨੀਆਂ (**Uteruses**) ਕੱਢ ਦਿੱਤੀਆਂ ਗਈਆਂ ਹਨ, ਅਤੇ ਉਨ੍ਹਾਂ ਦੇ ਵਾਲਾਂ ਸਮੇਤ ਸਿਰਾਂ ਖੱਲ (**Scalps**) ਤਕ ਉਧੇੜ ਦਿੱਤੇ ਗਏ। ਇਸ ਤੋਂ ਇਲਾਵਾ, ਪੀੜਤਾਂ ਦੇ ਸਰੀਰਾਂ 'ਤੇ ਸਿਗਰਟ ਨਾਲ ਸਾੜਨ ਦੇ ਨਿਸ਼ਾਨ ਵੀ ਪਾਏ ਗਏ ਹਨ। ਅਬਦੁੱਲਾਹੀ ਅਨੁਸਾਰ ਇਹ ਜ਼ੁਲਮ ਬੱਚੀਆਂ 'ਤੇ ਵੀ ਕੀਤਾ ਜਾ ਰਿਹਾ ਹੈ।

ਸਬੂਤ ਮਿਟਾਉਣ ਦੀ ਕੋਸ਼ਿਸ਼: ਅਬਦੁੱਲਾਹੀ ਮੁਤਾਬਿਕ ਮਾਰੀਆਂ ਗਈਆਂ ਔਰਤਾਂ ਦੀਆਂ ਲਾਸ਼ਾਂ ਪਰਿਵਾਰਾਂ ਨੂੰ ਨਹੀਂ ਦਿੱਤੀਆਂ ਜਾ ਰਹੀਆਂ। ਸਰਕਾਰ ਲਾਸ਼ਾਂ ਨੂੰ ਪਹਿਲਾਂ ਹੀ ਸਾੜ ਰਹੀ ਹੈ ਤਾਂ ਜੋ ਤਸ਼ੱਦਦ ਦੇ ਨਿਸ਼ਾਨ ਦੁਨੀਆਂ ਦੇ ਸਾਹਮਣੇ ਨਾ ਆ ਸਕਣ।

ਹਿਜਾਬ ਅਤੇ ਆਜ਼ਾਦੀ ਲਈ ਵਿਦਰੋਹ: ਦੱਸਿਆ ਜਾ ਰਿਹਾ ਹੈ ਕਿ ਇਹ ਭਿਆਨਕ ਕਾਰਵਾਈਆਂ ਉਨ੍ਹਾਂ ਔਰਤਾਂ ਵਿਰੁੱਧ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਨੇ ਹਿਜਾਬ ਪਹਿਨਣ ਤੋਂ ਇਨਕਾਰ ਕੀਤਾ, ਮੋਟਰਸਾਈਕਲ ਚਲਾਏ ਜਾਂ ਸੁਪਰੀਮ ਲੀਡਰ ਆਇਤੁੱਲਾ ਅਲੀ ਖ਼ਾਮੇਨੇਈ ਦੀਆਂ ਤਸਵੀਰਾਂ ਸਾੜੀਆਂ। ਇੱਕ ਜਰਮਨ ਅਖ਼ਬਾਰ **Die Welt** ਨੇ ਵੀ ਇਨ੍ਹਾਂ ਦਾਅਵਿਆਂ ਦੀ ਪੁਸ਼ਟੀ ਕਰਦਿਆਂ ਲਿਖਿਆ ਹੈ ਕਿ ਸੁਰੱਖਿਆ ਕਰਮੀ ਔਰਤਾਂ ਨੂੰ ਗ੍ਰਿਫ਼ਤਾਰ ਕਰਦੇ ਸਮੇਂ ਕਹਿੰਦੇ ਹਨ, "ਅਸੀਂ ਤੁਹਾਨੂੰ ਸਿੱਧਾ ਨਹੀਂ ਮਾਰਾਂਗੇ, ਪਹਿਲਾਂ ਤੁਹਾਡਾ ਰੇਪ ਕਰਾਂਗੇ ਅਤੇ ਫ਼ਿਰ ਜਾਨੋਂ ਮਾਰਾਂਗੇ।"

ਹਜ਼ਾਰਾਂ ਦੀ ਗਿਣਤੀ 'ਚ ਹੋਈਆਂ ਮੌਤਾਂ: ਰਿਪੋਰਟਾਂ ਅਨੁਸਾਰ ਦਸੰਬਰ ਤੋਂ ਸ਼ੁਰੂ ਹੋਏ ਇਨ੍ਹਾਂ ਪ੍ਰਦਰਸ਼ਨਾਂ 'ਚ ਹੁਣ ਤਕ 3, 000 ਤੋਂ 5, 000 ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ। ਹਾਲਾਂਕਿ ਈਰਾਨੀ ਸਰਕਾਰ ਇਨ੍ਹਾਂ ਅੰਕੜਿਆਂ ਨੂੰ ਗ਼ਲਤ ਦੱਸ ਰਹੀ ਹੈ, ਪਰ ਮਨੁੱਖੀ ਅਧਿਕਾਰ ਸੰਗਠਨਾਂ ਨੇ ਈਰਾਨੀ ਸੁਰੱਖਿਆ ਬਲਾਂ (**IRGC**) ਦੀ ਕਾਰਵਾਈ ਨੂੰ ਇੱਕ ਨਸਲਕੁਸ਼ੀ ਕਰਾਰ ਦਿੱਤਾ ਹੈ।

US ਨਾਲ ਗੱਲਬਾਤ ਲਈ ਤਿਆਰ ਹੋਇਆ Iran



ਦੁਬਈ: ਪਿਛਲੇ ਲੰਬੇ ਸਮੇਂ ਤੋਂ ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਖਿੱਚੋਤਾਣ ਦਰਮਿਆਨ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਈਰਾਨ ਦੇ ਸੁਧਾਰਵਾਦੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ ਆਪਣੇ ਵਿਦੇਸ਼ ਮੰਤਰੀ ਨੂੰ ਅਮਰੀਕਾ ਨਾਲ ਤਰਕਸੰਗਤ ਅਤੇ ਨਿਆਂਸੰਗਤ ਗੱਲਬਾਤ ਅੱਗੇ ਵਧਾਉਣ ਦੇ ਨਿਰਦੇਸ਼ ਦਿੱਤੇ ਹਨ। ਇਸ ਕਦਮ ਨੂੰ ਦੋਵਾਂ ਦੇਸ਼ਾਂ ਦੇ ਸਬੰਧਾਂ 'ਚ ਇੱਕ ਵੱਡੇ ਬਦਲਾਅ ਵਜੋਂ ਦੇਖਿਆ ਜਾ ਰਿਹਾ ਹੈ।

ਸਰਵਉੱਚ ਨੇਤਾ ਖ਼ਾਮੇਨੇਈ ਦੀ ਮਿਲੀ ਹਰੀ ਝੰਡੀ ? ਮਾਹਿਰਾਂ ਦਾ ਮੰਨਣਾ ਹੈ ਕਿ ਰਾਸ਼ਟਰਪਤੀ ਦਾ ਇਹ ਬਿਆਨ ਇਸ ਗੱਲ ਦਾ ਸੰਕੇਤ ਹੈ ਕਿ ਉਨ੍ਹਾਂ ਨੂੰ ਈਰਾਨ ਦੇ ਸਰਵਉੱਚ ਨੇਤਾ ਅਯਾਤੁੱਲਾ ਅਲੀ ਖ਼ਾਮੇਨੇਈ ਦਾ ਸਮਰਥਨ ਹਾਸਿਲ ਹੈ। ਇਸ ਤੋਂ ਪਹਿਲਾਂ ਖ਼ਾਮੇਨੇਈ ਅਮਰੀਕਾ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਨੂੰ ਸਿਰੇ ਤੋਂ ਨਕਾਰਦੇ ਰਹੇ ਹਨ।

ਟਰੰਪ ਦੀਆਂ ਸ਼ਰਤਾਂ ਅਤੇ ਪਰਮਾਣੂ ਪ੍ਰੋਗਰਾਮ ਦਾ ਅੜਿੱਕਾ: ਹਾਲਾਂਕਿ ਇਹ ਗੱਲਬਾਤ ਇੰਨੀ ਸੌਖੀ ਨਹੀਂ ਹੋਵੇਗੀ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਪਹਿਲਾਂ ਹੀ ਸਾਫ਼ ਕਰ ਦਿੱਤਾ ਹੈ ਕਿ ਕਿਸੇ ਵੀ ਸਮਝੌਤੇ ਲਈ ਈਰਾਨ ਨੂੰ ਆਪਣੇ ਪਰਮਾਣੂ ਪ੍ਰੋਗਰਾਮ 'ਤੇ ਸਖ਼ਤ ਸ਼ਰਤਾਂ ਮੰਨਣੀਆਂ ਪੈਣਗੀਆਂ। ਜ਼ਿਕਰਯੋਗ ਹੈ ਕਿ ਬੀਤੇ ਜੂਨ ਮਹੀਨੇ 'ਚ ਟਰੰਪ ਨੇ ਇਜ਼ਰਾਈਲ ਨਾਲ 12 ਦਿਨਾਂ ਜੰਗ ਦੌਰਾਨ ਈਰਾਨ ਦੇ ਤਿੰਨ ਪਰਮਾਣੂ ਟਿਕਾਣਿਆਂ 'ਤੇ ਬੰਬਬਾਰੀ ਦੇ ਹੁਕਮ ਵੀ ਦਿੱਤੇ ਸਨ ਜਿਸ ਕਾਰਨ ਤਨਾਅ ਸਿਖਰਾਂ 'ਤੇ ਹੈ।

ਪੇਜ਼ੇਸ਼ਕੀਅਨ ਨੇ X 'ਤੇ ਦਿੱਤੀ ਜਾਣਕਾਰੀ: ਰਾਸ਼ਟਰਪਤੀ ਪੇਜ਼ੇਸ਼ਕੀਅਨ ਨੇ ਸੋਸ਼ਲ ਮੀਡੀਆ ਪਲੈਟਫ਼ੌਰਮ **X** 'ਤੇ ਲਿਖਿਆ, "ਮੈਂ ਆਪਣੇ ਵਿਦੇਸ਼ ਮੰਤਰੀ ਨੂੰ ਨਿਰਦੇਸ਼ ਦਿੱਤੇ ਹਨ ਕਿ ਜੇਕਰ ਧਮਕੀਆਂ ਅਤੇ ਅਣਉਚਿਤ ਉਮੀਦਾਂ ਤੋਂ ਮੁਕਤ ਮਾਹੌਲ ਮਿਲਦਾ ਹੈ ਤਾਂ ਸਨਮਾਨ ਅਤੇ ਦੂਰਅੰਦੇਸ਼ੀ ਨਾਲ ਤਰਕਸੰਗਤ ਗੱਲਬਾਤ ਨੂੰ ਅੱਗੇ ਵਧਾਇਆ ਜਾਵੇ।"

ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਦੰਦਾਂ ਦੀ ਦੇਖਭਾਲ 647-625-7205
Security Cameras CCTV Live Monitoring 647-863-9232
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700

NASA ਦਾ ਚੰਦਰ ਰਾਕੇਟ Artemis II ਟੈੱਸਟਿੰਗ 'ਚ ਫ਼ੇਲ੍ਹ

ਵਾਸ਼ਿੰਗਟਨ: ਅਮਰੀਕੀ ਪੁਲਾੜ ਏਜੰਸੀ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਉਹ ਹੁਣ ਮਾਰਚ 'ਚ ਆਪਣਾ ਨਵਾਂ ਚੰਦਰ ਰਾਕੇਟ ਲੌਂਚ ਕਰੇਗੀ ਕਿਉਂਕਿ ਪਿਛਲੇ ਦਿਨ ਇੱਕ ਮਹੱਤਵਪੂਰਣ ਟੈੱਸਟ ਦੌਰਾਨ ਬਾਲਣ ਲੀਕ ਹੋਣ ਦੀ ਸਮੱਸਿਆ ਸਾਹਮਣੇ ਆਈ ਸੀ। ਇੱਕ ਬਿਆਨ 'ਚ ਨਾਸਾ ਨੇ ਕਿਹਾ ਕਿ ਲੌਂਚ 'ਚ ਦੇਰੀ ਉਸ ਨੂੰ ਡੇਟਾ ਦੀ ਸਮੀਖਿਆ ਕਰਨ ਅਤੇ ਫ਼ਲਾਈਟ ਟੈੱਸਟ ਤੋਂ ਪਹਿਲਾਂ ਇੱਕ ਹੋਰ ਰਿਹਰਸਲ ਕਰਨ ਦੀ ਆਗਿਆ ਦੇਵੇਗੀ। ਇਹ ਲੀਕ ਸੋਮਵਾਰ ਨੂੰ ਕੈਨੇਡੀ ਸਪੇਸ ਸੈਂਟਰ 'ਚ ਲੰਬੀ ਬਾਲਣ ਪ੍ਰਕਿਰਿਆ ਸ਼ੁਰੂ ਹੋਣ ਤੋਂ ਕੁਝ ਘੰਟੇ ਬਾਅਦ ਹੋਇਆ। ਨਾਸਾ ਨੇ ਕਿਹਾ ਕਿ ਇਸ ਉਡਾਣ ਲਈ ਚੁਣੇ ਗਏ ਚਾਰ ਪੁਲਾੜ ਯਾਤਰੀਆਂ ਨੂੰ ਲਗਭਗ ਦੋ ਹਫ਼ਤਿਆਂ ਦੇ ਆਈਸੋਲੇਸ਼ਨ ਤੋਂ ਰਿਹਾਅ ਕਰ ਦਿੱਤਾ ਜਾਵੇਗਾ। ਉਨ੍ਹਾਂ ਨੂੰ ਚੰਦਰਮਾ ਦੇ ਚੱਕਰ ਲਗਾਉਣ ਲਈ ਅਗਲੀ ਉਡਾਣ ਤੋਂ ਲਗਭਗ ਦੋ ਹਫ਼ਤੇ ਪਹਿਲਾਂ ਆਈਸੋਲੇਸ਼ਨ 'ਚ ਵਾਪਿਸ ਰੱਖਿਆ ਜਾਵੇਗਾ।ਹਾਲਾਂਕਿ ਪੁਲਾੜ ਏਜੰਸੀ ਨੇ ਮਾਰਚ 'ਚ ਇੱਕ ਅਧਿਕਾਰਤ ਲੌਂਚ ਟੀਚੇ ਦਾ ਸੰਕੇਤ ਨਹੀਂ ਦਿੱਤਾ। ਉਸ ਨੇ ਕਿਹਾ ਕਿ ਇਸ ਨੂੰ ਟੈੱਸਟ ਤੋਂ ਡੇਟਾ ਦੀ ਚੰਗੀ ਤਰ੍ਹਾਂ ਸਮੀਖਿਆ ਕਰਨ, ਹਰੇਕ ਮੁੱਦੇ ਨੂੰ ਹੱਲ ਕਰਨ ਅਤੇ ਟੈੱਸਟਿੰਗ 'ਤੇ ਵਾਪਿਸ ਜਾਣ ਦੀ ਜ਼ਰੂਰਤ ਹੈ। ਸੋਮਵਾਰ ਦੁਪਹਿਰ ਨੂੰ ਲੌਂਚ ਕੰਟਰੋਲਰਾਂ ਨੇ 322-ਫੁੱਟ (98-ਮੀਟਰ) ਰਾਕੇਟ ਨੂੰ ਅਲਟਰਾ-ਕੂਲਡ ਹਾਈਡ੍ਰੋਜਨ ਅਤੇ ਔਕਸੀਜਨ ਨਾਲ ਭਰਨਾ ਸ਼ੁਰੂ ਕਰ ਦਿੱਤਾ। ਟੈਂਕਾਂ 'ਚ ਸੱਤ ਲੱਖ ਗੈਲਨ (2.6 ਮਿਲੀਅਨ ਲੀਟਰ) ਤੋਂ ਵੱਧ ਬਾਲਣ ਰੱਖਣਾ ਚਾਹੀਦਾ ਸੀ। ਹਾਲਾਂਕਿ ਰਾਕੇਟ ਦੇ ਹੇਠਲੇ ਚੈਂਬਰ 'ਚ ਹਾਈਡ੍ਰੋਜਨ ਦੀ ਮਾਤਰਾ ਬਹੁਤ ਜ਼ਿਆਦਾ ਹੋ ਗਈ। ਹਾਈਡ੍ਰੋਜਨ ਭਰਨ ਦੀ ਪ੍ਰਕਿਰਿਆ ਨੂੰ ਘੱਟੋ ਘੱਟ ਦੋ ਵਾਰ ਰੋਕਣਾ ਪਿਆ ਕਿਉਂਕਿ ਲੌਂਚ ਟੀਮ ਨੇ ਪਿਛਲੇ ਸਪ